# ਵਧੀਕ ਡਿਪਟੀ ਕਮਿਸ਼ਨਰ (ਵਿਕਾਸ),
## ਜ਼ਿਲ੍ਹਾ ਦਿਹਾਤੀ ਵਿਕਾਸ ਏਜੰਸੀ

ਜ਼ਿਲ੍ਹਾ ਦਿਹਾਤੀ ਵਿਕਾਸ ਏਜੰਸੀ, ਮਾਨਸਾ ਦਾ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਮਾਨਸਾ ਦੀ ਪਹਿਲੀ ਮੰਜ਼ਿਲ ਤੇ ਸਥਿੱਤ ਹੈ। ਇਸ ਦਫ਼ਤਰ ਦਾ ਪ੍ਰਬੰਧਕੀ ਅਫ਼ਸਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਹੈ ਅਤੇ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ, ਮਾਨਸਾ ਦਾ ਚੇਅਰਮੈਨ ਹੈ। ਇਸ ਦਫ਼ਤਰ ਵੱਲੋਂ ਹੇਠ ਲਿਖੇ ਅਨੁਸਾਰ ਸਕੀਮਾਂ ਚਲਾਈਆਂ ਜਾਂਦੀਆਂ ਹਨ।

## *1. ਸਵਰਨ ਜੈਅੰਤੀ ਗਰਾਮ ਸਵੈ ਰੋਜ਼ਗਾਰ ਯੋਜਨਾ*

ਪੇਂਡੂ ਇਲਾਕੇ ਵਿੱਚ ਪਾਈ ਜਾਂਦੀ ਗਰੀਬੀ ਨੂੰ ਮੁਕਾਉਣ ਹਿੱਤ ਕੇਂਦਰੀ ਸਰਕਾਰ ਨੇ ਸਾਲ 1999 ਤੋਂ ਪਿਛਲੀਆਂ ਸਾਰੀਆਂ ਸਕੀਮਾਂ ਨੂੰ ਇੱਕ ਥਾਂ ਇਕੱਠੀਆਂ ਅਤੇ ਸੋਧ ਕੇ ਇੱਕ ਨਵੀਂ ਸਕੀਮ ਚਾਲੂ ਕੀਤੀ ਹੈ, ਜਿਸ ਦਾ ਨਾਂ ਸਵਰਨ ਜੈਅੰਤੀ ਗਰਾਮ ਸਵੈ ਰੋਜ਼ਗਾਰ ਯੋਜਨਾ ਰੱਖਿਆ ਗਿਆ ਹੈ। ਇਸ ਸਕੀਮ ਰਾਹੀਂ ਪਿੰਡਾਂ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪ੍ਰੀਵਾਰਾਂ ਨੂੰ ਸਬਸਿਡੀ ਅਤੇ ਬੈਂਕ ਕਰਜ਼ੇ ਦੇ ਰੂਪ ਵਿੱਚ ਵਿੱਤੀ ਸਹਾਇਤਾ ਦੇ ਕੇ ਨਿੱਕੇ ਮੋਟੇ ਧੰਦੇ ਪੈਦਾ ਕਰਕੇ ਦੇਣਾ ਹੈ, ਤਾਂ ਕਿ ਇਹ ਪ੍ਰੀਵਾਰ ਜੋ ਹੁਣ ਤੱਕ ਬੇਰੁਜ਼ਗਾਰੀ, ਅਰਧ ਬੇਰੁਜ਼ਗਾਰੀ ਅਤੇ ਵਿੱਤੀ ਵਸੀਲਿਆਂ ਦੀ ਅਣਹੋਂਦ ਦੀ ਮਾਰ ਸਹਿ ਰਹੇ ਹਨ, ਆਪਣਾ ਧੰਦਾ ਕਾਇਮ ਕਰਕੇ ਲਗਾਤਾਰ ਇੰਨੀ ਕੁ ਆਮਦਨ ਪੈਦਾ ਕਰ ਲੈਣ ਕਿ ਸਹਾਇਤਾ ਲੈਣ ਤੋਂ ਤਿੰਨਾਂ ਸਾਲਾਂ ਦੇ ਵਿੱਚ ਗਰੀਬੀ ਰੇਖਾ ਤੋਂ ਉੱਪਰ ਉਠ ਸਕਣ।

ਪਿੰਡਾਂ ਵਿੱਚ ਗਰੀਬੀ ਰੇਖਾ ਤੋਂ ਹੇਠਾ ਰਹਿ ਰਹੇ ਪ੍ਰੀਵਾਰਾਂ ਦੀ ਸ਼ਨਾਖਤ ਭਾਰਤ ਸਰਕਾਰ ਵੱਲੋਂ ਜਾਰੀ ਹਦਾਇਤਾਂ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ। ਇਨ੍ਹਾਂ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪ੍ਰੀਵਾਰਾਂ ਦੀ ਸ਼ਨਾਖਤ ਲਿਸਟ ਇਲਾਕਾਵਾਰ ਉਸ ਇਲਾਕੇ ਦੀਆਂ ਬੈਂਕਾਂ ਨੂੰ ਦਿੱਤੀ ਜਾਂਦੀ ਹੈ। ਇਸ ਸਕੀਮ ਅਧੀਨ ਜ਼ਿਲ੍ਹਾ ਪੱਧਰ ਤੇ ਸਵਰਨ ਜੈਯੰਤੀ ਗਰਾਮ ਸਵੈ-ਰੋਜ਼ਗਾਰ ਯੋਜਨਾ ਕਮੇਟੀ ਗਠਿਤ ਕੀਤੀ ਗਈ ਹੈ, ਜਿਸ ਦੇ ਚੇਅਰਮੈਨ, ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਹਨ ਅਤੇ 5 ਬਲਾਕਾਂ ਵਿੱਚ 5 ਹੀ ਬਲਾਕ ਸਵਰਨ ਜੈਸੰਤੀ ਗਰਾਮ ਸਵੈ-ਰੁਜ਼ਗਾਰ ਯੋਜਨਾ ਕਮੇਟੀਆਂ ਗਠਿਤ ਹਨ। ਇਨ੍ਹਾਂ ਬਲਾਕ ਕਮੇਟੀਆਂ ਦਾ ਚੇਅਰਮੈਨ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਹੈ। ਬਲਾਕ ਕਮੇਟੀਆਂ ਉਨ੍ਹਾਂ ਦੇ ਬਲਾਕਾਂ ਵਿੱਚ ਚੱਲ ਰਹੇ ਕੰਮਾਂ ਪ੍ਰਤੀ ਲੋਕਾਂ ਦੀ ਚੋਣ ਕਰਕੇ ਪ੍ਰਵਾਨਗੀ ਲਈ ਜ਼ਿਲ੍ਹਾ ਪੱਧਰੀ ਕਮੇਟੀ ਨੂੰ ਭੇਜਦੇ ਹਨ। ਜ਼ਿਲ੍ਹਾ ਪੱਧਰੀ ਕਮੇਟੀ ਇਨ੍ਹਾਂ ਵਿੱਚੋਂ 4-5 ਗਤੀਵਿਧੀਆਂ ਜੋ ਉਸ ਦੇ ਇਲਾਕੇ ਲਈ ਢੁਕਵੀਆਂ ਹੋਣ, ਨੂੰ ਪ੍ਰਵਾਨ ਕਰਦੀ ਹੈ। ਇਹ ਗਤੀਵਿਧੀਆਂ ਗਰੀਬ ਪ੍ਰੀਵਾਰਾਂ ਨੂੰ ਸਵੈ-ਸਹਾਇਤਾ ਸਮੂਹ ਵਿੱਚ ਸੰਗਠਿਤ ਕਰਕੇ ਤੇ ਉਨ੍ਹਾਂ ਦਾ ਬੈਂਕਾਂ ਨਾਲ ਤਾਲਮੇਲ ਕਰਕੇ ਕਰਜ਼ਾ ਦਵਾ ਕੇ ਉਨ੍ਹਾਂ ਦੀ ਆਰਥਿਕ ਹਾਲਤ ਸੁਧਾਰਨ ਲਈ ਚਲਾਈਆਂ ਜਾਂਦੀਆਂ ਹਨ।

### ੳ) *ਵਿਆਕਤੀਗਤ ਸਵੈ-ਰੋਜਗਾਰੀ*

ਵਿਆਕਤੀਗਤ ਤੌਰ ਤੇ ਵੀ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਪ੍ਰੀਵਾਰਾਂ ਨੂੰ ਉਨ੍ਹਾਂ ਦੇ ਹੁਨਰ ਅਤੇ ਲੋੜ ਅਨੁਸਾਰ ਬੈਂਕਾਂ ਪਾਸੋਂ ਕਰਜਾ ਦਵਾਇਆ ਜਾਂਦਾ ਹੈ, ਜਿਸ ਵਿੱਚ ਅਨੁਸੂਚਿਤ ਜਾਤੀ ਨੂੰ ਵੱਧ ਤੋਂ ਵੱਧ 10000/- ਰੁਪਏ ਅਤੇ ਦੂਸਰੀ ਜਾਤੀ ਦੇ ਵਿਅਕਤੀਆਂ ਨੂੰ ਵੱਧ ਤੋਂ ਵੱਧ 7500/- ਰੁਪਏ ਸਬਸਿਡੀ ਦਿੱਤੀ ਜਾਂਦੀ ਹੈ। ਇਸ ਸਕੀਮ ਅਧੀਨ ਗਰੁੱਪਾਂ ਅਤੇ ਵਿਆਕਤੀਗਤ ਤੌਰ ਤੇ ਸਵੈ-ਰੋਜਗਾਰੀਆਂ ਨੂੰ ਗਰੁੱਪ ਜੀਵਨ ਬੀਮਾਂ ਪਾਲਸੀ ਅਧੀਨ ਵੀ ਲਿਆਂਦਾ ਜਾਂਦਾ

ਹੈ, ਜਿਸ ਅਧੀਨ ਸਵੈ ਰੁਜਗਾਰੀ ਦੀ ਆਪਣੀ ਹਾਦਸੇ ਵਿੱਚ ਮੌਤ ਹੋਣ ਤੇ 12000/- ਰੁਪਏ ਅਤੇ ਕੁਦਰਤੀ ਮੌਤ ਹੋਣ ਤੇ 6000/- ਰੁਪਏ ਉਸ ਦੇ ਵਾਰਸਾਂ ਨੂੰ ਮਿਲਦਾ ਹੈ। ਸਵੈ-ਰੁਜਗਾਰੀਆਂ ਲਈ ਬੀਮੇ ਦਾ ਪ੍ਰੀਮੀਅਮ ਸਰਕਾਰ ਵੱਲੋਂ ਦਿੱਤਾ ਜਾਂਦਾ ਹੈ।

## ਅ) ਸੈਲਫ ਹੈਲਪ ਗਰੁੱਪ

ਪੇਂਡੂ ਗਰੀਬ ਵਿਅਕਤੀਆਂ ਵਿੱਚ ਆਪਣੀ ਰੋਜੀ ਰੋਟੀ ਕਮਾਉਣ ਤੇ ਕੋਈ ਕੰਮ ਧੰਦਾ ਇਕੱਠੇ ਹੋ ਕੇ ਕਰਨ ਦੀ ਦੂਜਿਆਂ ਦੇ ਮੁਕਾਬਲੇ ਬੇਸ਼ੁਮਾਰ ਸਮਰੱਥਾ ਹੈ। ਇਸ ਕਰਕੇ 10-20 ਗਰੀਬ ਪ੍ਰੀਵਾਰਾਂ ਨੂੰ ਸਵੈ-ਸਹਾਇਤਾ ਸਮੂਹਾਂ ਵਿੱਚ ਇਕੱਠੇ ਕੀਤੀ ਜਾਂਦੀ ਹੈ। ਇਨ੍ਹਾਂ ਸਮੂਹਾਂ ਨੂੰ ਸੰਪੂਰਨ ਤੌਰ ਤੇ ਪ੍ਰਫੁੱਲਤ ਹੋਣ ਤੋਂ ਪਹਿਲਾਂ ਤਿੰਨ ਪੜਾਵਾਂ ਵਿੱਚੋਂ ਗੁਜਰਨਾ ਪੈਂਦਾ ਹੈ। ਪਹਿਲੇ ਪੜਾਅ ਵਿੱਚ ਇਹ ਪਰਿਵਾਰ ਆਪਣੀ ਸਮਰੱਥਾ ਅਨੁਸਾਰ ਸਾਂਝੀ ਬੱਚਤ ਕਰਦੇ ਹਨ। ਇਸ ਲਈ ਉਹ ਪ੍ਰਧਾਨ ਅਤੇ ਸਕੱਤਰ ਆਦਿ ਚੁਣ ਕੇ ਸਾਂਝਾ ਖਾਤਾ ਖੋਲ੍ਹ ਕੇ ਨੇੜੇ ਦੇ ਬੈਂਕ ਵਿੱਚ ਬੱਚਤ ਰਾਸ਼ੀ ਜਮ੍ਹਾਂ ਕਰਾਉਂਦੇ ਹਨ। ਇਸ ਰਾਸ਼ੀ ਵਿੱਚੋਂ ਸਮੂਹ ਮੈਂਬਰਾਂ ਦੀਆਂ ਆਰਥਿਕ ਲੋੜਾਂ ਪੂਰੀਆਂ ਕਰਨ ਲਈ ਉਨ੍ਹਾਂ ਨੂੰ ਕਰਜੇ ਦਿੰਦੇ ਹਨ। ਕਰਜਾ ਦੇਣ, ਵਿਆਜ ਦੀ ਦਰ ਨਿਸ਼ਚਿਤ ਕਰਨ ਅਤੇ ਵਸੂਲੀ ਦੀ ਵਿਧੀ ਉਹ ਖੁਲ੍ਹੇ ਵਿਚਾਰ ਵਟਾਂਦਰੇ ਨਾਲ ਨਿਰਧਾਰਤ ਕਰਦੇ ਹਨ। ਇਸ ਤਰ੍ਹਾਂ ਗਰੁੱਪਾਂ ਵਿੱਚ ਆਪਸੀ ਮਿਲਵਰਤਨ, ਬੱਚਤ ਕਰਨ ਤੇ ਬੈਂਕਾਂ ਨਾਲ ਲੈਣ ਦੇਣ ਕਰਨ ਦੀ ਸੂਝ ਪੈਦਾ ਹੁੰਦੀ ਹੈ। ਇਹ ਗਰੁੱਪ ਅਜਿਹੀ ਕਾਰਵਾਈ ਜਾਰੀ ਰੱਖਣ ਉਪਰੰਤ ਬਲਾਕ, ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀ ਅਤੇ ਬੈਂਕਾਂ ਦੇ ਨੁਮਾਇੰਦੇ ਵੱਲੋਂ ਸਾਂਝੇ ਤੌਰ ਤੇ ਕਾਰਗੁਜਾਰੀ ਦੀ ਪਰਖ ਵਿੱਚੋਂ ਲੰਘਦਾ ਹੈ। ਚੰਗੇ ਗਰੁੱਪ ਨੂੰ ਸਿਰੇ ਪੜਾਅ ਵਿੱਚ ਲਿਜਾਇਆ ਜਾਂਦਾ ਹੈ ਜਿੱਥੇ ਇੰਨਾਂ ਗਰੁੱਪਾਂ ਨੂੰ ਇਨਾਂ ਦੀ ਬੱਚਤ ਰਾਸ਼ੀ ਤੋਂ ਇਲਾਵਾ ਪੇਂਡੂ ਵਿਕਾਸ ਏਜੰਸੀ ਵੱਲੋਂ ਘੱਟ ਤੋਂ ਘੱਟ 5000/- ਰੁਪਏ ਅਤੇ ਵੱਧ ਤੋਂ ਵੱਧ 10000/- ਰੁਪਏ ਰਿਵਾਲਵਿੰਗ ਫੰਡ ਦੇ ਤੌਰ ਤੇ ਵੀ ਦਿੱਤਾ ਜਾਂਦਾ ਹੈ। ਬੈਂਕਾਂ ਵੱਲੋਂ ਕੈਸ਼ ਕਰੈਡਿਟ ਗਰੁੱਪ ਦੀ ਸੇਵਿੰਗ ਦਾ ਚਾਰ ਗੁਣਾ ਰਾਸ਼ੀ ਦਿੱਤੀ ਜਾਂਦੀ ਹੈ। ਜਿਸ ਨਾਲ ਗਰੁੱਪ ਦਾ ਬੱਚਤ (ਕਾਰਪਸ ਫੰਡ) ਵਿੱਚ ਕਾਫੀ ਮਿਕਦਾਰ ਹੋਣ ਤੇ ਇਹ ਗਰੁੱਪ ਆਪਣੇ ਹੁਨਰ ਅਨੁਸਾਰ ਬਲਾਕ ਵੱਲੋਂ ਮਨਜ਼ੂਰ ਗਤੀਵਿਧੀਆਂ ਵਿੱਚੋਂ ਕੋਈ ਗਤੀਵਿਧੀ ਚੁਣ ਕੇ ਉਸ ਨੂੰ ਸਮੂਹਿਕ ਤੌਰ ਤੇ ਅਪਣਾਉਂਦਾ ਹੈ। ਇੰਨਾਂ ਦੇ ਹੁਨਰ ਵਿੱਚ ਵਾਧਾ ਕਰਨ ਲਈ ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀ ਦੇ ਉਦਮ ਨਾਲ ਹੁਨਰਮੰਦ ਮਾਹਰਾਂ ਵੱਲੋਂ ਟਰੇਨਿੰਗ ਦਿੱਤੀ ਜਾਂਦੀ ਹੈ। ਇੰਨ੍ਹਾਂ ਗਰੁੱਪਾਂ ਵਿੱਚ ਬੈਂਕਾਂ ਅਤੇ ਤਿਆਰ ਕੀਤੇ ਮਾਲ ਨੂੰ ਵੇਚਣ ਲਈ ਲੋਕਾਂ ਨਾਲ ਤਾਲਮੇਲ ਕਰਨ ਨਾਲ ਆਤਮ ਵਿਸਵਾਸ਼ ਪੈਦਾ ਹੁੰਦਾ ਹੈ। ਜਦੋਂ ਇਹ ਗਰੁੱਪ 6 ਮਹੀਨੇ ਬਾਅਦ ਗਤੀਵਿਧੀਆਂ ਨੂੰ ਪੂਰੇ ਪੱਧਰ ਤੇ ਚਲਾਉਣ ਲਈ ਹੋਰ ਰਾਸ਼ੀ ਦੀ ਲੋੜ ਮਹਿਸੂਸ ਕਰਦੇ ਹਨ ਤਾਂ ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀ ਇੰਨਾਂ ਗਰੁੱਪਾਂ ਨੂੰ ਸੰਬਧਤ ਬੈਂਕ ਨਾਲ ਕਰਜ਼ਾ ਲੈਣ ਲਈ ਜੋੜ ਦਿੰਦੀ ਹੈ। ਬੈਂਕ ਪਹਿਲਾਂ ਹੀ ਇਸ ਗਰੁੱਪ ਦੀਆਂ ਗਤੀਵਿਧੀਆਂ ਨੂੰ ਦੇਖ ਰਿਹਾ ਹੁੰਦਾ ਹੈ ਤੇ ਉਹ ਇੰਨਾਂ ਦੀ ਜਰੂਰਤ ਮੁਤਾਬਿਕ ਗਰੁੱਪ ਨੂੰ ਕਰਜ਼ਾ ਦਿੰਦਾ ਹੈ। ਜ਼ਿਕਰਯੋਗ ਹੈ ਕਿ ਗਰੁੱਪ ਨੂੰ ਦਿੱਤੇ ਕਰਜ਼ੇ ਵਿੱਚੋਂ 50% ਜਾਂ ਵੱਧ ਤੋਂ ਵੱਧ 1.25 ਲੱਖ ਰੁਪਏ ਸਬਸਿਡੀ ਪੇਂਡੂ ਵਿਕਾਸ ਏਜੰਸੀ ਵੱਲੋਂ ਦਿੱਤੀ ਜਾਂਦੀ ਹੈ, ਜੋ ਪ੍ਰਤੀ ਪ੍ਰੀਵਾਰ 10 ਹਜ਼ਾਰ ਤੋਂ ਵੱਧ ਨਹੀ ਹੁੰਦੀ। ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀ ਇੰਨਾਂ ਗਰੁੱਪਾਂ ਦੀ ਅਗਵਾਈ ਕਰਦੀ ਹੈ, ਜਿਹੜੇ ਇੰਨਾਂ ਦੀ ਲੋੜ ਮੁਤਾਬਕ ਟਰੇਨਿੰਗ, ਕੱਚਾ ਮਾਲ ਖਰੀਦਣ, ਟਿਕਾਊ ਸਮਾਨ ਅਤੇ ਮਾਲ ਤਿਆਰ ਕਰਨ ਸਮੇਂ ਉਸ ਵਿੱਚ ਗੁਣਾਤਮਕ ਉਚਿਤਤਾ ਲਿਆਉਣ ਤੇ ਮਾਲ ਨੂੰ ਲਾਹੇਵੰਦ ਭਾਅ ਤੇ ਬਜ਼ਾਰ ਵਿੱਚ ਵੇਚਣ ਦਾ ਪ੍ਰਬੰਧ ਵੀ ਕਰਦੀ ਹੈ। ਜ਼ਿਲ੍ਹਾ ਪੇਂਡੂ ਵਿਕਾਸ ਏਜੰਸੀ, ਮਾਨਸਾ ਵੱਲੋਂ ਇੰਨਾ ਗਰੁੱਪਾਂ ਵੱਲੋਂ ਤਿਆਰ ਕੀਤੇ ਸਮਾਨ ਦੀ ਵਿਕਰੀ ਲਈ ਫੋਕਲ ਪੁਆਇੰਟਾਂ ਤੇ ਆਪਣੀ ਮੰਡੀ ਲਾਉਣ ਦਾ ਪ੍ਰਬੰਧ ਕੀਤਾ ਜਾਂਦਾ ਹੈ। ਰਾਜ ਅਤੇ ਰਾਸ਼ਟਰੀ ਪੱਧਰ ਤੇ ਪ੍ਰਦਰਸ਼ਨੀਆਂ ਅਤੇ ਮੇਲਿਆਂ ਵਿੱਚ ਮਾਲ ਵੇਚਣ ਲਈ ਸ਼ਿਰਕਤ ਕੀਤੀ ਜਾਂਦੀ ਹੈ।

## 2. ਸੰਗਠਿਤ ਬੰਜਰ ਭੂਮੀ ਵਿਕਾਸ ਪ੍ਰੋਜੈਕਟ

ਸਰਦੂਲਗੜ੍ਹ ਬਲਾਕ ਦੇ ਤਿੰਨ ਪਿੰਡਾਂ ਜਟਾਣਾ ਕਲਾਂ, ਜਟਾਣਾ ਖੁਰਦ ਅਤੇ ਕੋਟੜਾ ਲਈ ਭਾਰਤ ਸਰਕਾਰ ਨੇ 150.00 ਲੱਖ ਰੁਪਏ ਦੀ ਲਾਗਤ ਨਾਲ ਇੱਕ ਵਾਟਰ ਸ਼ੈਡ ਮਨਜ਼ੂਰ ਕੀਤਾ ਹੈ। ਇਸ ਪ੍ਰੋਜੈਕਟ ਦਾ ਮੁੱਖ ਮੰਤਵ ਤਿੰਨਾਂ ਪਿੰਡਾਂ ਦੀ ਬੰਜਰ ਪਈ ਜ਼ਮੀਨ ਫਸਲ ਯੋਗ ਅਤੇ ਬੂਟੇ, ਬਾਗ ਲਾਉਣ ਯੋਗ ਬਨਾਉਣਾ ਹੈ। ਜਿਸ ਨਾਲ ਲੋਕਾਂ ਨੂੰ ਰੋਜ਼ਗਾਰ ਦਿੱਤਾ ਜਾ ਸਕੇ ਤੇ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਹੋ ਸਕੇ। ਦੂਜਾ ਵਾਤਾਵਰਨ ਸੰਤੁਲਨ ਨੂੰ ਬਣਾਈ ਰੱਖਣਾ ਅਤੇ ਤੀਜਾ ਲੋਕਾਂ ਦੀ ਆਰਥਿਕ ਅਤੇ ਸਮਾਜਿਕ ਦਸ਼ਾ ਵਿੱਚ ਸੁਧਾਰ ਕਰਨਾ ਹੈ। ਇਹ ਪ੍ਰੋਜੈਕਟ ਪੰਜਾਂ ਸਾਲਾਂ ਵਿੱਚ ਪੂਰਾ ਕੀਤਾ ਜਾਵੇਗਾ ਤੇ ਇਸ ਪ੍ਰੋਜੈਕਟ ਨੂੰ ਮੰਡਲ ਭੂਮੀ ਸੁਧਾਰ ਅਫ਼ਸਰ (ਮਾਨਸਾ) ਮੁੱਖ ਖੇਤੀਬਾੜੀ ਅਫ਼ਸਰ (ਮਾਨਸਾ) ਵਣ ਮੰਡਲ ਅਫ਼ਸਰ (ਮਾਨਸਾ) ਪਸ਼ੂ ਪਾਲਣ ਵਿਭਾਗ (ਮਾਨਸਾ) ਬਾਗਵਾਨੀ ਵਿਭਾਗ (ਮਾਨਸਾ) ਬੀ.ਡੀ.ਪੀ.ਓ. (ਸਰਦੂਲਗੜ੍ਹ) ਦੇ ਸਹਿਯੋਗ ਨਾਲ ਲਾਗੂ ਕੀਤਾ ਜਾ ਰਿਹਾ ਹੈ।

## 3. ਐਮ.ਪੀ. ਲੈਡ. ਸਕੀਮ

ਇਹ ਸਕੀਮ ਪ੍ਰਧਾਨ ਮੰਤਰੀ ਵੱਲੋਂ 23.12.1993 ਨੂੰ ਲਾਗੂ ਕੀਤੀ ਗਈ, ਜਿਸ ਵਿੱਚ ਹਰੇਕ ਐਮ.ਪੀ. ਨੂੰ ਪ੍ਰਤੀ ਸਾਲ 2 ਕਰੋੜ ਰੁਪਏ ਵਿਕਾਸ ਦੇ ਕੰਮਾਂ ਨੂੰ ਆਪਣੇ ਹਲਕੇ ਵਿੱਚ ਕਰਵਾਉਣ ਲਈ ਸਿਫ਼ਾਰਸ਼ ਕਰਨ ਦੇ ਅਧਿਕਾਰ ਹੁੰਦੇ ਹਨ। ਸਿਫ਼ਾਰਸ਼ ਕਰਨ ਉਪਰੰਤ ਵਿਕਾਸ ਦੇ ਕੰਮ ਕਰਵਾਉਣ ਲਈ ਕਾਰਜਕਾਰੀ ਏਜੰਸੀਆਂ ਨੂੰ ਫੰਡ ਮੁਹੱਈਆ ਕਰਵਾਏ ਜਾਂਦੇ ਹਨ ਤਾਂ ਜੋ ਸਿਫ਼ਾਰਸ਼ ਕੀਤੇ ਕੰਮਾਂ ਨੂੰ ਮੁਕੰਮਲ ਕੀਤਾ ਜਾ ਸਕੇ। ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਏ.ਡੀ.ਸੀ. (ਵਿਕਾਸ) ਵੱਲੋਂ ਇਸ ਸਕੀਮ ਨੂੰ ਲਾਗੂ ਕੀਤਾ ਜਾਂਦਾ ਹੈ।

## 4. ਸਪੈਸ਼ਲ ਕੰਪੋਨੈਂਟ ਪਲਾਨ ਸਕੀਮ

ਇਸ ਸਕੀਮ ਅਧੀਨ ਪਿੰਡਾਂ ਅਤੇ ਸ਼ਹਿਰਾਂ ਵਿੱਚ ਗਰੀਬੀ ਰੇਖਾਂ ਤੋਂ ਹੇਠਾਂ ਰਹਿੰਦੇ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਅਕਤੀਆਂ ਨੂੰ ਆਪਣੀ ਆਮਦਨ ਦੇ ਸੋਮੇ ਵਧਾਉਣ ਲਈ ਚੁਣਿਆ ਜਾਂਦਾ ਹੈ। ਉਨਾਂ ਲਈ ਕੋਈ ਲਾਹੇਵੰਦ ਧੰਦਾ ਚਲਾਉਣ ਲਈ ਵਿੱਤੀ ਸਹਾਇਤਾ ਵਸਤੂਗਤ ਰੂਪ ਰਾਹੀਂ ਦਿੱਤੀ ਜਾਂਦੀ ਹੈ। ਇਸ ਸਕੀਮ ਦਾ ਨੋਡਲ ਅਫ਼ਸਰ ਏ.ਡੀ.ਸੀ. (ਵਿਕਾਸ) ਹੈ। ਪ੍ਰਤੀ ਸਾਲ 20,00,000/- ਰੁਪਏ ਦੀ ਰਕਮ ਪੰਜਾਬ ਸਰਕਾਰ ਵੱਲੋਂ ਇਸ ਮੰਤਵ ਲਈ ਪ੍ਰਾਪਤ ਹੁੰਦੀ ਹੈ। ਇਹ ਸਕੀਮ ਸਮੁੱਚੇ ਤੌਰ ਤੇ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਲਾਗੂ ਕੀਤੀ ਜਾਂਦੀ ਹੈ।

## 5. ਲੋਕਲ ਬਾਡੀ ਅਤੇ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ

ਰਾਜ ਚੋਣ ਕਮਿਸ਼ਨ ਦੀ ਅਗਵਾਈ ਹੇਠ ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਚੋਣਕਾਰ ਅਫ਼ਸਰ ਡਿਪਟੀ ਕਮਿਸ਼ਨਰ ਅਤੇ ਵਧੀਕ ਜ਼ਿਲ੍ਹਾ ਚੋਣਕਾਰ ਅਫ਼ਸਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਾਹੀਂ ਜ਼ਿਲ੍ਹਾ ਚੋਣ ਇਕਾਈ ਚਲਾਈ ਜਾਂਦੀ ਹੈ। ਇਹ ਜ਼ਿਲ੍ਹਾ ਚੋਣ ਇਕਾਈ ਲੋਕਬਾਡੀਜ਼, ਗਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਕਰਵਾਉਣ ਦੀ ਸਮੁੱਚੇ ਤੌਰ ਤੇ ਜ਼ਿੰਮੇਵਾਰ ਹੈ। ਇਸ ਇਕਾਈ ਵੱਲੋਂ ਵੋਟਰ ਸੂਚੀ ਤਿਆਰ ਕਰਨਾ, ਸੁਧਾਈ ਕਰਨਾ ਅਤੇ ਇੰਨਾਂ ਨੂੰ ਉਚਿਤ ਮਾਤਰਾ ਵਿੱਚ ਛਪਵਾ ਕੇ ਵੰਡਣਾ ਹੁੰਦਾ ਹੈ। ਚੋਣ ਲਈ ਰਾਜ ਚੋਣ ਕਮਿਸ਼ਨ ਵੱਲੋਂ ਤਿਆਰ ਪ੍ਰੋਗਰਾਮ ਨੂੰ ਸਿਰੇ ਚਾੜਨ, ਉਸ ਲਈ ਸਟਾਫ਼ ਦਾ ਪ੍ਰਬੰਧ ਅਤੇ ਸਮਾਨ ਦੀ ਵੰਡ ਨੂੰ ਨਿਰਵਿਘਨ ਢੰਗ ਨਾਲ ਸਿਰੇ ਚੜ੍ਹਾਉਣਾ ਹੁੰਦਾ ਹੈ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਲੋਕਲ ਬਾਡੀ ਗਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਸੰਬੰਧੀ ਝਗੜੇ ਦੇ ਨਿਪਟਾਰੇ ਲਈ ਬਣੇ ਜ਼ਿਲ੍ਹਾ ਟ੍ਰਿਬਿਊਨਲ ਦੇ ਪ੍ਰਜਾਈਡਿੰਗ ਅਫ਼ਸਰ ਦਾ ਕੰਮ ਵੀ ਕਰਦੇ ਹਨ।